**Gyankosh: An Interdisciplinary Journal**
**Special Volume, November 2019**
**To Commemorate 550th Birth Anniversary of Guru Nanak Dev Ji**
**ISSN : 2581-8252**

# ਗੁਰੂ ਨਾਨਕ ਬਾਣੀ ਚਿੰਤਨ ਦਾ ਫ਼ਲਸਫ਼ਾ

ਮਨਮੋਹਨ ਕੌਰ*

ਗੁਰੂ ਨਾਨਕ ਦੇਵ ਜੀ ਦਾ ਆਗਮਨ ਭਾਰਤੀ ਚਿੰਤਨ ਅਨੁਸਾਰ ਸੰਸਾਰ ਵਿੱਚ ਵੱਧ ਰਹੀ ਮਨੁੱਖੀ ਜੀਵਨ ਦੀ ਗਿਰਾਵਟ ਨੂੰ ਖਤਮ ਕਰਨ ਦੀ ਧਾਰਨਾ ਅਨੁਸਾਰ 'ਮਿਟੀ ਧੁੰਧ ਜਗ ਚਾਨਣ ਹੋਆ' ਦੇ ਵਿਸ਼ਾਲ ਪਰਿਵਰਤਨ ਵੱਲ ਸੰਕੇਤ ਕਰਦਾ ਹੈ। ਗੁਰੂ ਸਾਹਿਬ ਇੱਕ ਅਜਿਹੇ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿੰਨ੍ਹਾਂ ਨੇ ਸਮੇਂ ਅਤੇ ਸਥਾਨ ਦੀ ਜਰੂਰਤ ਅਨੁਸਾਰ ਆਪਣੀ ਵਿਸ਼ਾਲ ਅਤੇ ਵਿਸ਼ਵ-ਵਿਆਪੀ ਵਿਚਾਰਧਾਰਾ ਨੂੰ ਸੰਪੂਰਨ ਫ਼ਲਸਫ਼ੇ ਦੇ ਰੂਪ ਵਿੱਚ ਪੇਸ਼ ਕਰਕੇ ਇੱਕ ਬਹੁਪੱਖੀ ਇਤਿਹਾਸਕ ਇਨਕਲਾਬ ਲਿਆਂਦਾ। ਉਹਨਾਂ ਨੇ ਸਮੁੱਚੀ ਮਾਨਵਤਾ ਨੂੰ ਇੱਕ ਸਾਂਝੇ ਸੂਤਰ ਵਿੱਚ ਪਰੋ ਕੇ ਜਾਤ-ਪਾਤ, ਧਰਮ, ਫਿਰਕੂਪੁਣੇ ਅਤੇ ਸਰਹੱਦਾਂ ਦੀਆਂ ਕੋਝੀਆਂ ਵੰਡੀਆਂ ਨੰ ਖਤਮ ਕਰਕੇ ਉਚ-ਨੀਚ ਦੇ ਭੇਦ-ਭਾਵ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ : -

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥

(ਸ੍ਰੀ ਰਾਗ, ਪੰਨਾ –14)

ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ ਤੇ ਜਨਮ ਲਿਆ ਉਸ ਸਮੇਂ ਦਾ ਸਮਾਜ ਬ੍ਰਾਹਮਣਵਾਦ ਦੇ ਫੋਕੇ ਕਰਮਕਾਂਡਾਂ ਅਤੇ ਮਜ਼ਹਬੀ ਜਨੂਨ ਵਿੱਚ ਫਸੇ ਮੁਸਲਮਾਨੀ ਜਰਵਾਣਿਆਂ ਦਾ ਸ਼ਿਕਾਰ ਹੋ ਰਿਹਾ ਸੀ। ਭਾਰਤੀ ਸਮਾਜ ਵਿੱਚ ਵਰਣ-ਵਿਵਸਥਾ ਦੀ ਵੰਡ ਕਰਕੇ ਉਚ-ਨੀਚ ਅਤੇ ਛੂਆ-ਛਾਤ ਦੀ ਭਾਵਨਾ ਕਾਰਨ ਧਾਰਮਿਕ ਖਿੱਚੋਤਾਣ ਹਰ ਪਾਸੇ ਪਸਰੀ ਪਈ ਸੀ। ਹਿੰਦੂ ਅਤੇ ਮੁਸਲਮਾਨ ਆਪੋ-ਆਪਣੇ ਧਾਰਮਿਕ ਸਿਧਾਂਤਾਂ ਨੂੰ ਲੈ ਕੇ ਇੱਕ ਦੂਸਰੇ ਤੋਂ ਨਫਰਤ ਕਰਨ ਲੱਗ ਪਏ ਸਨ। ਜਿੱਥੇ ਹਿੰਦੂਆਂ ਲਈ ਗੰਗਾ ਜਾਂ ਬਨਾਰਸ ਪਵਿੱਤਰ ਸਥਾਨ ਸਨ ਉੱਥੇ ਮੁਸਲਮਾਨਾਂ ਲਈ ਮੱਕਾ ਜਾਂ ਕਾਬਾ, ਮੁਸਲਮਾਨ ਜਿੱਥੇ ਸੁੰਨਤ 'ਤੇ ਜੋਰ ਦਿੰਦੇ ਸਨ ਉੱਥੇ ਹਿੰਦੂ ਤਿਲਕ ਜਾਂ ਜਨੇਊ ਨੂੰ ਆਪਣੇ ਧਰਮ ਲਈ ਜਰੂਰੀ ਸਮਝਦੇ ਸਨ । ਇਸ ਅਵਸਥਾ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਬਿਆਨ ਕੀਤਾ ਹੈ : -

ਚਾਰਿ ਵਰਨ ਚਾਰਿ ਮਜਹਬਾ
ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣ
ਕਰੇਨਿ ਧਿਙਾਣੇ ॥
ਗੰਗ ਬਨਾਰਸਿ ਹਿੰਦੂਆਂ
ਮਕਾ ਕਾਬਾ ਮੁਸਲਮਾਣੇ ॥

* ਖੋਜਾਰਥੀ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਸੁੰਨਤਿ ਮੁਸਲਮਾਣ ਦੀ
ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ ਇਕ
ਨਾਮੁ ਦੁਇ ਰਾਹ ਭੁਲਾਣੇ
ਬੇਦ ਕਤੇਬ ਭੁਲਾਇਕੈ
ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਇਆ
ਖਹਿ ਮਰਦੇ ਬਾਹਮਣ ਮਉਲਾਣੇ।।
ਸਿਰੋ ਨ ਮਿਟੇ ਆਵਣ ਜਾਣੇ ॥

(ਭਾਈ ਗੁਰਦਾਸ ਜੀ ਦੀ ਵਾਰ, ਪੰਨਾ -229)

ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਚਿੰਤਨ ਧਾਰਮਿਕ ਸੰਕਟ, ਸਮਾਜਿਕ ਖਿੱਚੋਤਾਣ ਅਤੇ ਰਾਜਸੀ ਅਨਿਆਂ ਨੂੰ ਆਪਣੀ ਬਾਣੀ ਦਾ ਆਧਾਰ ਬਣਾ ਕੇ ਪੇਸ਼ ਹੁੰਦਾ ਹੈ। ਗੁਰੂ ਸਾਹਿਬ ਨੇ ਇੱਕ ਸਰਬ ਸਾਂਝੇ ਧਰਮ ਦੀ ਨੀਂਹ ਰੱਖਣ ਲਈ 'ਸਭੇ ਸਾਂਝੀਵਾਲ ਸਦਾਇਨਿ' ਦੇ ਇਲਾਹੀ ਨਾਦ ਦੁਆਰਾ ਸਮੁੱਚੀ ਲੋਕਾਈ ਨੂੰ ਧਰਮ ਦੀਆਂ ਕੋਝੀਆਂ ਰਹੁ-ਰੀਤਾਂ ਵਿੱਚੋਂ ਕੁਝ ਕੇ ਸੁਤੰਤਰਤਾ ਲਈ ਇੱਕ ਨਵਾਂ ਰਾਹ ਪਕੇਰਾ ਕੀਤਾ।

ਗੁਰੂ ਜੀ ਦਾ ਸਮਾਂ ਰਾਜਸੀ ਉਥਲ-ਪੁਥਲ ਦਾ ਸਮਾਂ ਸੀ। ਲੋਕ ਠੱਗੀ, ਫਰੇਬ, ਧੋਖਾਧੜੀ ਦਾ ਸ਼ਿਕਾਰ ਹੋ ਚੁੱਕੇ ਸਨ। ਧਰਮ ਕਿਧਰੇ ਅਲੋਪ ਹੋ ਰਿਹਾ ਸੀ। ਰਾਜੇ ਕਸਾਈ ਬਣ ਚੁੱਕੇ ਸਨ। ਜੋ ਪਰਜਾ ਦੀ ਰਾਖੀ ਕਰਨ ਦੀ ਬਜਾਇ ਆਪਣੇ ਫਰਜ ਭੁੱਲ ਕੇ ਪਰਜਾ ਨੂੰ ਹੀ ਲੁੱਟ ਰਹੇ ਸਨ। ਗੁਰੂ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ ਕਿ ਰਾਜੇ ਤਾਂ ਸ਼ਿਕਾਰੀ ਕੁੱਤਿਆਂ ਦੀ ਤਰਾਂ ਗਰੀਬ ਪਰਜਾ ਦੀਆਂ ਬੋਟੀਆਂ ਹੀ ਖਾ ਰਹੇ ਸਨ ਪਰ ਉਹਨਾਂ ਦੇ ਅਹਿਲਕਾਰ ਗਰੀਬਾਂ ਦਾ ਖੂਨ ਚੂਸ ਰਹੇ ਸਨ : -

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥

(ਰਾਗ-ਮਲ੍ਹਾਰ, ਪੰਨਾ – 1288)

ਉਸ ਸਮੇਂ ਦੀ ਮੁਸਲਮਾਨ ਹਕੂਮਤ ਆਪਣਾ ਧਰਮ ਫੈਲਾਉਣ ਲਈ ਨਿਹੱਥੀ ਜਨਤਾ ਉੱਤੇ ਜੁਲਮ ਕਰ ਰਹੀ ਸੀ।'' ਕੋਈ ਕੌਮ ਕੁਚਲੀ ਤਦ ਹੀ ਜਾਂਦੀ ਹੈ ਤੇ ਜਬਰ ਦਾ ਸ਼ਿਕਾਰ ਤਦ ਹੀ ਹੋ ਸਕਦੀ ਹੈ ਜੇ ਉਸ ਵਿੱਚੋਂ ਸਚਾਈ, ਸਦਾਚਾਰ, ਪ੍ਰਭੂ ਪਿਆਰ ਨਿਕਲ ਚੁੱਕੇ ਹੋਣ ਤੇ ਉਸ ਦਾ ਇਖ਼ਲਾਕ ਕਮਜੋਰ ਹੋ ਗਿਆ ਹੋਵੇ ਤੇ ਉੱਥੋਂ ਦੇ ਰਾਜੇ ਤੇ ਪਰਜਾ ਦੋਵੇਂ ਆਪਣੇ ਧਰਮ ਤੋਂ ਹਾਰ ਚੁੱਕੇ ਹੋਣ।"[1] ਇਤਿਹਾਸ ਅਨੁਸਾਰ ਉਸ ਸਮੇਂ ਰਾਜਨੀਤਿਕ ਗਿਰਾਵਟ ਅਤੇ ਅਰਾਜਕਤਾ ਦਾ ਬੋਲ-ਬਾਲਾ ਸੀ। ਦੋਸ਼ੀ ਨੂੰ ਕੋਈ ਵੀ ਜੁਲਮ ਕਰਨ 'ਤੇ ਮੌਤ ਤੱਕ ਦੀ ਸਜਾ ਸੁਣਾ ਦਿੱਤੀ ਜਾਂਦੀ ਸੀ। ਗੁਰੂ ਸਾਹਿਬ ਨੇ ਬਾਬਰ ਦੀ ਫੌਜ ਦੇ ਜੁਲਮ ਨੂੰ 'ਪਾਪ ਦੀ ਜੰਞ' ਦੇ ਬਿੰਬ ਦੁਆਰਾ ਰੂਪਮਾਨ ਕੀਤਾ ਹੈ : -

 ISSN : 2581-8252

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ
ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥

(ਰਾਗ-ਤਿਲੰਗ, ਪੰਨਾ – 935 )

ਗੁਰੂ ਸਾਹਿਬ ਅਨੁਸਾਰ ਇੱਕ ਚੰਗੇਰਾ ਰਾਜ ਪ੍ਰਬੰਧ ਉਹੀ ਹੈ ਜਿਸ ਵਿੱਚ ਸੁਯੋਗ ਅਗਵਾਈ ਤੇ ਨਿਆਂ ਹੋਵੇ। ਉਹਨਾਂ ਅਨੁਸਾਰ ਤਖਤ ‘ਤੇ ਬੈਠਾ ਰਾਜਾ ਤਦ ਹੀ ਸੋਭਦਾ ਹੈ ਜੇ ਉਹ ਤਖਤ ਦੇ ਲਾਇਕ ਹੋਵੇ :-

"ਤਖਤੈ ਉਪਰਿ ਸੋ ਬਹੈ ਜੋ ਤਖਤੈ ਲਾਇਕ ਹੋਈ"

ਗੁਰੂ ਸਾਹਿਬ ਦੇ ਸਮੇਂ ਮੁਸਲਿਮ ਹੁਕਮਰਾਨ ਆਪਣੇ ਧਰਮ ਨੂੰ ਪਕੇਰਾ ਕਰਨ ਲਈ ਹਿੰਦੂਆਂ ਨੂੰ ਬੁਰੀ ਤਰਾਂ ਲਿਤਾੜ ਰਹੀ ਸੀ । "ਹਿੰਦੂ ਮੁਸਲਮਾਨ ਨੂੰ ‘ਮਲੇਛ’ ਕਹਿ ਕੇ ਦੂਰ ਰਹਿੰਦੇ ਸਨ ਤੇ ਮੁਸਲਮਾਨ ਹਿੰਦੂਆਂ ਨੂੰ ‘ਕਾਫਿਰ’ ਕਹਿ ਕੇ ਨਫਰਤ ਕਰਦੇ ਸਨ। ਪਰੰਤੂ ਮੁਸਲਮਾਨ ਰਾਜਨੀਤਿਕ ਤੌਰ ‘ਤੇ ਤਕੜੇ ਹੋਣ ਕਾਰਨ ਹਿੰਦੂਆਂ ‘ਤੇ ਹਾਵੀ ਸਨ।"[2] ਇਹਨਾਂ ਹਾਲਾਤਾਂ ਵਿੱਚ ਗੁਰੂ ਸਾਹਿਬ ਨੇ ਸਤਾਈ ਹੋਈ ਗੁਲਾਮ ਮਾਨਸਿਕਤਾ ਵਿੱਚ ਆਤਮ-ਵਿਸ਼ਵਾਸ ਜਗਾਉਣ ਲਈ ਇੱਕ ਸੰਦੇਸ਼ ਦਿੱਤਾ : -

‘ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ’

ਗੁਰੂ ਨਾਨਕ ਦੇਵ ਜੀ ਸਮੇਂ ਤਿੰਨੋਂ ਵੱਡੀਆਂ ਧਾਰਮਿਕ ਧਿਰਾਂ ਕਾਜੀ, ਬਾਹਮਣ ਅਤੇ ਜੋਗੀ ਧਰਮ ਤੋਂ ਹੀਣੀਆਂ ਹੋ ਚੁੱਕੀਆਂ ਸਨ। ਜਿਨ੍ਹਾਂ ਨੇ ਸਮਾਜ ਦੇ ਅਧਿਆਤਮਕ ਕਲਿਆਣ ਦੀ ਬਜਾਇ ਝੂਠ, ਪਾਖੰਡ ਅਤੇ ਫਰੇਬ ਦੁਆਰਾ ਲੋਕਾਂ ਨੂੰ ਠੱਗਣ ਦਾ ਕੰਮ ਕੀਤਾ। ਗੁਰੂ ਸਾਹਿਬ ਨੇ ਇਹਨਾਂ ਧਾਰਮਿਕ ਪਾਖੰਡੀਆਂ ਦੀ ਆਪਣੀ ਬਾਣੀ ਵਿੱਚ ਕਰੜੀ ਆਲੋਚਨਾ ਕੀਤੀ ਹੈ : -

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨਾ ਜਾਣੈ ਅੰਧੁ ॥
ਤੀਨੇ ਓਜਾੜੈ ਕਾ ਬੰਧੁ ॥

ਵੈਦਿਕ ਯੁੱਗ ਵਿੱਚ ਇਸਤਰੀ ਨੂੰ ਸਮਾਜ ਵਿੱਚ ਸਨਮਨਿਤ ਸਥਾਨ ਪ੍ਰਾਪਤ ਸੀ। ਪਰ ਵਰਣ-ਵਿਵਸਥਾ ਦੇ ਵਧਣ ਨਾਲ ਸਮਾਜ ਵਿੱਚ ਇਸਤਰੀ ਦਾ ਸਥਾਨ ਵੀ ਨੀਵਾਂ ਹੁੰਦਾ ਗਿਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸਤੀ-ਪ੍ਰਥਾ, ਬਾਲ-ਵਿਆਹ, ਅਨਪੜ੍ਹਤਾ ਅਤੇ ਅਸੁਰੱਖਿਆ ਕਾਰਨ ਔਰਤ ਦੀ ਸਥਿਤੀ ਕਾਫੀ ਤਰਸਯੋਗ ਸੀ। ਕਵੀ ਤੁਲਸੀਦਾਸ ਨੇ ਔਰਤ ਨੂੰ ਪਸ਼ੂ ਤੇ ਸ਼ੂਦਰ ਦੇ ਬਰਾਬਰ ਕਹਿ ਕੇ ਨਿੰਦਿਆ ਕੀਤੀ ਹੈ : -

'ਢੋਲ ਗਵਾਰ ਪਸ਼ੂ ਨਾਰੀ  ਇਹ ਸਭ ਤਾੜਨ ਦੇ ਅਧਿਕਾਰੀ'

ਨਾਥਾਂ ਜੋਗੀਆਂ ਦੁਆਰਾ ਵੀ ਔਰਤ ਨੂੰ 'ਬਘਿਆੜਨ' ਕਹਿ ਕੇ ਤ੍ਰਿਸਕਾਰਿਆ ਗਿਆ ਹੈ। ਗੁਰੂ ਸਾਹਿਬ ਨੇ ਔਰਤ ਪ੍ਰਤੀ ਆਪਣੀਆਂ ਕੋਮਲ ਅਤੇ ਪਵਿੱਤਰ ਭਾਵਨਾਵਾਂ ਵਿਅਕਤ ਕਰਕੇ ਉਸ ਨੂੰ ਮੰਦਾ ਕਹਿਣ ਵਾਲਿਆਂ ਦੀ ਨਿਖੇਧੀ ਕੀਤੀ ਹੈ :-

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਰਾਗ – ਆਸਾ, ਪੰਨਾ – 1017 )

ਗੁਰੂ ਜੀ ਸਾਰੀ ਸ੍ਰਿਸ਼ਟੀ ਨੂੰ ਪ੍ਰਭੂ ਨਾਲ ਇਕਮਿਕ ਹੋਇਆ ਮਹਿਸੂਸ ਕਰਦੇ ਸਨ। ਉਹਨਾਂ ਅਨੁਸਾਰ ਹਵਾ, ਪਾਣੀ ਅਤੇ ਅਗਨੀ ਪ੍ਰਮਾਤਮਾ ਦੇ ਨਾਮ ਵਿੱਚ ਹੀ ਵਿਲੀਨ ਹੈ। ਗੁਰੂ ਸਾਹਿਬ ਦਾ ਅੰਤਰ-ਮਨ ਪ੍ਰਮਾਤਮਾ ਅਤੇ ਪ੍ਰਕ੍ਰਿਤੀ ਵਿੱਚ ਇਕਸੁਰ ਸੀ। ਉਹਨਾਂ ਨੇ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਆਪਣੀ ਬਾਣੀ ਵਿੱਚ ਕਈ ਥਾਵਾਂ 'ਤੇ ਜਿਕਰ ਕੀਤਾ ਹੈ। ਉਹਨਾਂ ਦੀ ਦ੍ਰਿਸ਼ਟੀ ਅਨੁਸਾਰ ਇਹ ਧਰਤੀ ਇੱਕ ਧਰਮਸ਼ਾਲ ਹੈ ਜਿਸ ਵਿੱਚ ਲੱਖਾਂ ਪਾਤਾਲ ਅਤੇ ਆਕਾਸ਼ ਹਨ : -

ਪਾਤਾਲਾ ਪਾਤਾਲ ਲਖ
ਆਗਾਸਾ ਆਗਾਸ
ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ ॥

(ਰਾਗ – ਜਪੁ, ਪੰਨਾ – 5 )

ਗੁਰੂ ਨਾਨਕ ਦੇਵ ਜੀ ਇੱਕੋ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦੇ ਸਨ। ਉਹ ਅਜਿਹੇ ਧਾਰਮਿਕ ਸਿਧਾਂਤਾਂ ਨੂੰ ਮੰਨਣ ਦਾ ਵਿਰੋਧ ਕਰਦੇ ਸਨ ਜੋ ਕਿਸੇ ਈਸ਼ਵਰ ਸ਼ਕਤੀ ਨੂੰ ਰੱਬ ਮੰਨਣ ਲਈ ਪ੍ਰੇਰਦੀ ਹੈ : -

'ਏਕੁ ਪਿਤਾ ਏਕਸ ਕੇ ਹਮ ਬਾਰਿਕ'

"ਆਪਣੇ ਮਨ ਤੋਂ ਪਾਪਾਂ ਦਾ ਭਾਰ ਉਤਾਰਨ ਤੇ ਉਸਨੂੰ ਸ਼ੁੱਧ ਕਰਨ ਲਈ 'ਨਾਮ' ਵਰਗਾ ਸੱਚਾ ਗੁਰ-ਮੰਤਰ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਦਿੱਤਾ। ਜਿਸ ਦੇ ਜਪਣ ਨਾਲ ਮਨੁੱਖ ਦੇ ਪਾਪਾਂ ਦੀ ਮੈਲ ਕਟ ਜਾਂਦੀ ਹੈ ਤੇ ਭਵਜਲ ਸਾਗਰ ਤੋਂ ਸਹਿਜੇ ਹੀ ਪਾਰ ਹੋ ਜਾਂਦਾ ਹੈ।" [3] ਗੁਰੂ ਜੀ ਨੇ ਆਪਣੇ ਜੀਵਨ ਅਤੇ ਰਚਨਾ ਰਾਹੀਂ ਸਮਾਜਿਕ ਪ੍ਰਬੰਧ ਵਿਰੁੱਧ ਆਵਾਜ ਉਠਾਈ ਅਤੇ ਲੋਕਾਂ ਨੂੰ ਧਰਮ ਦੇ ਸਹੀ ਅਰਥਾਂ ਦਾ ਭੇਦ ਸਮਝਾਇਆ। ਉਹਨਾਂ ਨੇ ਫੋਕੇ ਕਰਮ-ਕਾਂਡਾਂ

ਅਤੇ ਊਚ – ਨੀਚ ਦੇ ਭੇਦ ਭਾਵ ਨੂੰ ਮਿਟਾ ਕੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਆਪਣੀ ਵਿਚਾਰਧਾਰਾ ਦੁਆਰਾ ਸਮੁੱਚੀ ਮਾਨਵਤਾ ਦੀ ਕਾਇਆ ਕਲਪ ਕਰਨ ਅਤੇ ਸਰਵ-ਪੱਖੀ ਇਨਕਲਾਬ ਲਿਆਉਣ ਦਾ ਫ਼ਲਸਫ਼ਾ ਪੇਸ਼ ਕੀਤਾ। ਉਹਨਾਂ ਨੇ ਦੂਰ-ਦੂਰ ਹੋਰ ਦੇਸ਼ਾਂ ਦਾ ਭ੍ਰਮਣ ਕਰਕੇ ਸੱਚ ਦਾ ਸੰਦੇਸ਼ ਦਿੱਤਾ। ਆਪਣੀਆਂ ਚਾਰ ਉਦਾਸੀਆਂ ਦੌਰਾਨ ਗੁਰੂ ਜੀ ਨੇ ਉੱਥੋਂ ਦੇ ਪੰਡਤਾਂ, ਕਾਜ਼ੀਆਂ, ਜੋਗੀਆਂ, ਨਾਥਾਂ, ਵਲੀਆਂ, ਪੀਰ-ਫਕੀਰਾਂ ਨਾਲ ਗੋਸ਼ਟੀਆਂ ਕਰਕੇ ਰੱਬ ਦੀ ਸਰਵ-ਵਿਆਪਕਤਾ ਦਾ ਸਿਧਾਂਤ ਪੇਸ਼ ਕੀਤਾ। "ਗੁਰੂ ਨਾਨਕ ਦੇਵ ਜੀ ਅਜਿਹਾ ਸਮਾਜ ਚਾਹੁੰਦੇ ਸਨ ਜਿਸ ਵਿੱਚ ਰਾਜਸੀ ਜੁਲਮ ਨਾ ਹੋਵੇ; ਆਰਥਕ ਨਾ-ਬਰਾਬਰੀ ਨਾ ਹੋਵੇ; ਬਾਹਰਲੇ ਚਿਨ੍ਹ ਧਰਮ ਨਾ ਸਮਝੇ ਜਾਣ ; ਕੋਈ ਸਮਾਜਿੱਕ ਬੇਇਨਸਾਫੀ ਨਾ ਹੋਵੇ ਅਤੇ ਹਰ ਜੀਵ ਨੂੰ ਚੰਗਾ ਰਹਿਣ ਅਤੇ ਚੰਗਾ ਬਣਨ ਦਾ ਅਵਸਰ ਮਿਲੇ ।" [4]

ਗੁਰੂ ਨਾਨਕ ਦੀ ਸਿੱਖਿਆ ਨੇ ਸਮਾਜ ਵਿੱਚ ਪਾਖੰਡੀ ਲੋਕਾਂ ਦੁਆਰਾ ਬਣਾਏ ਫੋਕਟ ਵਹਿਮਾਂ ਭਰਮਾਂ ਅਤੇ ਮਾਰੂ ਰਹੁ-ਰੀਤਾਂ ਨੂੰ ਦੂਰ ਕਰਕੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ । ਗੁਰੂ ਸਾਹਿਬ ਦੀ ਨਿਰਮਲ ਬਾਣੀ ਮਨੁੱਖੀ ਜੀਵਨ ਵਿੱਚ ਸਮਾਜਿਕ ਪੱਧਰ 'ਤੇ ਪਈਆਂ ਵਿੱਥਾਂ ਨੂੰ ਦੂਰ ਕਰਕੇ ਉਚ-ਨੀਚ ਦੇ ਭੇਦ ਨੂੰ ਮਿਟਾਉਣ ਦੀ ਸਿੱਖਿਆ ਦਿੰਦੀ ਹੈ।

## ਹਵਾਲੇ

1. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ-210
2. ਗੁਰੂ ਨਾਨਕ ਦੇਵ ਵਿਸ਼ੇਸ ਅੰਕ (ਖੋਜ ਪ੍ਰਤਿਕਾ), ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰਨਾ – 92
3. ਉਹੀ, ਪੰਨਾ – 296
4. ਵਿਸ਼ਵਨਾਥ ਤਿਵਾੜੀ, ਕ੍ਰਾਂਤੀਕਾਰ – ਗੁਰੂ ਨਾਨਕ, ਪੰਨਾ – 128